# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ :20-08-2025**

## ਪਹਿਲਾ ਬੁਲੇਟਿਨ ਦੀਆਂ ਖ਼ਾਸ ਖ਼ਬਰਾਂ...

- ਲੋਕ ਸਭਾ ਨੇ ਔਨਲਾਈਨ ਗੇਮਿੰਗ ਦਾ ਪ੍ਰਚਾਰ ਅਤੇ ਨਿਆਮਕ ਬਿੱਲ, 2025 ਪਾਸ ਕੀਤਾ - ਇਹ ਈ-ਸਪੋਰਟਸ ਅਤੇ ਔਨਲਾਈਨ ਸੋਸ਼ਲ ਗੇਮਸ ਨੂੰ ਉਤਸ਼ਾਹਿਤ ਕਰੇਗਾ ਤੇ ਔਨਲਾਈਨ ਮਨੀ ਗੇਮਿੰਗ, ਵਿੱਤੀ ਲੈਣ-ਦੇਣ ਅਤੇ ਇਸ਼ਤਿਹਾਰਾਂ 'ਤੇ ਪਾਬੰਦੀ ਲਗਾਏਗਾ।

- ਉਪ-ਰਾਸ਼ਟਰਪਤੀ ਚੋਣ ਲਈ, ਸੱਤਾਧਾਰੀ NDA ਦੇ ਉਮੀਦਵਾਰ, ਸੀ.ਪੀ. ਰਾਧਾਕ੍ਰਿਸ਼ਨਨ ਨੇ ਅੱਜ ਆਪਣਾ ਨਾਮਜ਼ਦਗੀ ਪੱਤਰ ਦਾਖਲ ਕੀਤਾ।

- ਪੰਜਾਬ ਪੁਲਿਸ ਵਲੋਂ ਕਥਿਤ ਤੌਰ 'ਤੇ ਸਰਕਾਰੀ ਯੋਜਨਾਵਾਂ ਦੇ ਨਾਮ 'ਤੇ ਵਿਅਕਤੀਆਂ ਦੀ ਨਿੱਜੀ ਜਾਣਕਾਰੀ ਇਕੱਠੀ ਕਰ ਰਹੇ

ਕੈਂਪਾਂ ਦੀ ਜਾਂਚ ਲਈ ਕਾਰਵਾਈ ਕਰਦਿਆਂ ਕਈ ਟੀਮਾਂ ਕਾਇਮ।

- ਚੋਣ ਕਮਿਸ਼ਨ ਨੇ ਤਰਨਤਾਰਨ ਵਿਚ ਜ਼ਿਮਨੀ ਚੋਣ ਦੇ ਮੱਦੇਨਜ਼ਰ ਵੋਟਰ ਸੂਚੀ ਦੇ ਵਿਸ਼ੇਸ਼ ਸੰਖੇਪ ਸੋਧ ਲਈ ਪ੍ਰੋਗਰਾਮ ਜਾਰੀ ਕੀਤਾ । ਅਤੇ

- ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਪੈਣ ਨਾਲ ਪੰਜਾਬ ਵਿੱਚ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਵਿੱਚ ਵਧ ਰਹੇ ਪਾਣੀ ਦੇ ਪੱਧਰ ਕਾਰਨ ਕੁਝ ਜ਼ਿਲ੍ਹੇ ਪ੍ਰਭਾਵਤ ਹੋਏ - ਮੌਸਮ ਵਿਭਾਗ ਵੱਲੋਂ ਸੂਬੇ ਦੇ ਕਈ ਜ਼ਿਲਿਆਂ ਵਿੱਚ ਗਰਜ ਨਾਲ ਭਾਰੀ ਤੋਂ ਬਹੁਤ ਭਾਰੀ ਮੀਂਹ ਪੈਣ ਬਾਰੇ ਔਰੇਂਜ ਅਲਰਟ ਜਾਰੀ ।

## ਹੁਣ ਖਬਰਾਂ ਵਿਸਥਾਰ ਨਾਲ.....

ਲੋਕ ਸਭਾ ਨੇ ਔਨਲਾਈਨ ਗੇਮਿੰਗ ਦਾ ਪ੍ਰਚਾਰ ਅਤੇ ਨਿਆਮਕ ਬਿੱਲ, 2025 ਪਾਸ ਕਰ ਦਿੱਤਾ ਏ । ਇਹ ਬਿੱਲ ਈ-ਸਪੋਰਟਸ ਅਤੇ ਔਨਲਾਈਨ ਸੋਸ਼ਲ ਗੇਮਾਂ ਨੂੰ ਉਤਸ਼ਾਹਿਤ ਕਰਦਾ ਏ ਜਦੋਂ ਕਿ

ਨੁਕਸਾਨਦੇਹ ਔਨਲਾਈਨ ਮਨੀ ਗੇਮਿੰਗ ਸੇਵਾਵਾਂ 'ਤੇ ਪਾਬੰਦੀ ਲਗਾਉਂਦਾ ਏ। ਇਸ ਵਿੱਚ ਖੇਤਰ ਦੇ ਤਾਲਮੇਲ ਨੀਤੀ ਸਹਾਇਤਾ, ਰਣਨੀਤਕ ਵਿਕਾਸ ਅਤੇ ਨਿਆਮਕ ਨਿਗਰਾਨੀ ਲਈ ਇੱਕ ਔਨਲਾਈਨ ਗੇਮਿੰਗ ਅਥਾਰਟੀ ਦੀ ਨਿਯੁਕਤੀ ਦਾ ਪ੍ਰਬੰਧ ਏ। ਇਹ ਬਿੱਲ ਵਿਅਕਤੀਆਂ, ਖਾਸ ਕਰਕੇ ਨੌਜਵਾਨਾਂ ਅਤੇ ਕਮਜ਼ੋਰ ਆਬਾਦੀ ਨੂੰ ਅਜਿਹੀਆਂ ਖੇਡਾਂ ਦੇ ਮਾੜੇ ਪ੍ਰਭਾਵ ਤੋਂ ਬਚਾਉਣ ਲਈ ਤਿਆਰ ਕੀਤਾ ਗਿਆ। ਬਿੱਲ ਪੇਸ਼ ਕਰਦੇ ਹੋਏ, ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ, ਪਿਛਲੇ 11 ਸਾਲਾਂ ਵਿੱਚ ਡਿਜੀਟਲ ਤਕਨਾਲੋਜੀ ਖੇਤਰ ਵਿੱਚ ਬਹੁਤ ਵਾਧਾ ਹੋਇਆ ਏ। ਉਨ੍ਹਾਂ ਕਿਹਾ, ਡਿਜੀਟਲ ਤਕਨਾਲੋਜੀ ਖੇਤਰ ਵਿੱਚ ਕਈ ਸਟਾਰਟ-ਅੱਪ ਕੰਮ ਕਰ ਰਹੇ ਨੇ। ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਔਨਲਾਈਨ ਮਨੀ ਗੇਮਿੰਗ ਸਮਾਜ ਵਿੱਚ ਵਿੱਤੀ ਧੋਖਾਧੜੀ ਜਿਹੀ ਇੱਕ ਗੰਭੀਰ ਚਿੰਤਾ ਪੈਦਾ ਕਰਦੀ ਏ। ਉਨ੍ਹਾਂ ਕਿਹਾ, ਔਨਲਾਈਨ ਮਨੀ ਗੇਮਿੰਗ ਕਾਰਨ ਕਈ ਪਰਿਵਾਰਾਂ ਨੂੰ ਵਿੱਤੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਏ। ਸ੍ਰੀ ਵੈਸ਼ਨਵ ਨੇ ਕਿਹਾ ਕਿ ਕਈ ਔਨਲਾਈਨ ਗੇਮਾਂ ਮਨੀ ਲਾਂਡਰਿੰਗ ਅਤੇ ਦਹਿਸ਼ਤਗਰਦੀ

ਵਿੱਤ ਪੋਸ਼ਣ ਗਤੀਵਿਧੀਆਂ ਵਿੱਚ ਵੀ ਸ਼ਾਮਲ ਨੇ। ਇਸ ਤੋਂ ਪਹਿਲਾਂ, ਸਪੀਕਰ ਓਮ ਬਿਰਲਾ ਨੇ ਔਨਲਾਈਨ ਗੇਮਿੰਗ ਬਿੱਲ 2025 ਨੂੰ ਇੱਕ ਮਹੱਤਵਪੂਰਨ ਕਾਨੂੰਨ ਕਰਾਰ ਦਿਤਾ।

**ਵੇਰਵੇ ਨਾਲ ਇਕ ਰਿਪੋਰਟ**

---------------------------------------------------

ਰਾਸ਼ਟਰੀ ਲੋਕਤੰਤਰੀ ਗੱਠਜੋੜ-NDA ਦੇ ਉਪ ਰਾਸ਼ਟਰਪਤੀ ਉਮੀਦਵਾਰ ਸੀ.ਪੀ. ਰਾਧਾ-ਕ੍ਰਿਸ਼ਨਨ ਨੇ ਸੰਸਦ ਭਵਨ ਵਿੱਚ ਆਪਣਾ ਨਾਮਜ਼ਦਗੀ ਪੱਤਰ ਦਾਖਲ ਕੀਤਾ। ਇਸ ਮੌਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਕੇਂਦਰੀ ਮੰਤਰੀ ਅਮਿਤ ਸ਼ਾਹ, ਰਾਜਨਾਥ ਸਿੰਘ, ਜੇ.ਪੀ. ਨੱਡਾ, ਕਿਰੇਨ ਰਿਜੀਜੂ ਅਤੇ ਐਨ.ਡੀ.ਏ ਗੱਠਜੋੜ ਦੇ ਨੇਤਾ ਮੌਜੂਦ ਰਹੇ। ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਪਹਿਲਾਂ, ਸੀ.ਪੀ. ਰਾਧਾ-ਕ੍ਰਿਸ਼ਨਨ ਨੇ ਸੰਸਦ ਭਵਨ ਕੰਪਲੈਕਸ ਵਿੱਚ ਪ੍ਰੇਰਨਾ ਸਥਲ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ।  ਉਨ੍ਹਾਂ ਨੇ ਪਹਿਲਾਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਭੇਟ ਕੀਤੀ। ਓਧਰ ਵਿਰੋਧੀ INDIA ਬਲਾਕ ਨੇ ਉਪ-ਰਾਸ਼ਟਰਪਤੀ ਚੋਣ ਲਈ ਸੁਪਰੀਮ ਕੋਰਟ ਦੇ ਸਾਬਕਾ ਜੱਜ ਬੀ.

ਸੁਦਰਸ਼ਨ ਰੈਡੀ ਨੂੰ ਮੈਦਾਨ ਵਿੱਚ ਉਤਾਰਿਆ ਏ। ਉਹ ਕੱਲ੍ਹ ਆਪਣੀ ਨਾਮਜ਼ਦਗੀ ਦਾਖਲ ਕਰਨਗੇ। ਉਪ-ਰਾਸ਼ਟਰਪਤੀ ਚੋਣ ਅਗਲੇ ਮਹੀਨੇ ਦੀ 9 ਤਰੀਕ ਨੂੰ ਹੋਵੇਗੀ। ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਤਰੀਕ ਕਲ ਏ ਅਤੇ ਨਾਮਜ਼ਦਗੀਆਂ ਦੀ ਪੜਤਾਲ ਸ਼ੁੱਕਰਵਾਰ ਨੂੰ ਹੋਵੇਗੀ। ਇਸ ਮਹੀਨੇ ਦੀ 25 ਤਰੀਕ ਤੱਕ ਨਾਮਜ਼ਦਗੀਆਂ ਵਾਪਸ ਲਈਆਂ ਜਾ ਸਕਦੀਆਂ ਹਨ। ਸ੍ਰੀ ਜਗਦੀਪ ਧਨਖੜ ਦੇ ਅਸਤੀਫ਼ੇ ਕਾਰਨ ਇਹ ਚੋਣ ਜ਼ਰੂਰੀ ਹੋ ਗਈ ਏ, ਜਿਨ੍ਹਾਂ ਪਿਛਲੇ ਮਹੀਨੇ ਸਿਹਤ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਅਸਤੀਫ਼ਾ ਦੇ ਦਿੱਤਾ ਸੀ।

----------------------------------------------------

ਪੰਜਾਬ ਪੁਲਿਸ ਵਲੋਂ ਕਥਿਤ ਤੌਰ 'ਤੇ ਸਰਕਾਰੀ ਯੋਜਨਾਵਾਂ ਦੇ ਨਾਮ 'ਤੇ ਵਿਅਕਤੀਆਂ ਦੀ ਨਿੱਜੀ ਜਾਣਕਾਰੀ ਇਕੱਠੀ ਕਰ ਰਹੇ ਕੈਂਪਾਂ ਦੀ ਜਾਂਚ ਲਈ ਕਾਰਵਾਈ ਕਰਦਿਆਂ ਕਈ ਟੀਮਾਂ ਬਣਾਈਆਂ ਗਈਆਂ ਨੇ। ਪੁਲਿਸ ਨੇ ਸ਼ਿਕਾਇਤਾਂ ਮਿਲੀਆਂ ਸਨ ਕਿ ਕੈਂਪ ਲਗਾ ਕੇ ਸਰਕਾਰੀ ਯੋਜਨਾਵਾਂ ਲਈ ਲੋਕਾਂ ਨੂੰ ਰਜਿਸਟਰੇਸ਼ਨ ਭਰਨ ਦੇ ਨਾਮ 'ਤੇ ਨਾਗਰਿਕਾਂ ਦਾ ਨਿੱਜੀ ਡੇਟਾ ਇਕੱਠਾ ਕੀਤਾ ਜਾ ਰਿਹਾ ਏ। ਇਹ ਰਿਪੋਰਟ ਕੀਤੀ ਗਈ

ਏ ਕਿ ਅਣ-ਅਧਿਕਾਰਤ ਵਿਅਕਤੀ ਨਿੱਜੀ ਵੇਰਵਿਆਂ ਵਾਲੇ ਫਾਰਮ ਭਰ ਰਹੇ ਹਨ ਜਿਸ ਨਾਲ ਆਮ ਵਿਅਕਤੀ ਦਾ ਨਿੱਜੀ ਡੇਟਾ ਚੋਰੀ ਅਤੇ ਉਹ ਬੈਂਕ ਧੋਖਾਧੜੀ ਦਾ ਸ਼ਿਕਾਰ ਹੋ ਸਕਦਾ ਏ । ਸੂਬਾ ਪੁਲਿਸ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਏ    ਕਿ ਉਹ ਆਪਣਾ ਨਿੱਜੀ ਡੇਟਾ, ਜਿਸ ਵਿੱਚ ਆਧਾਰ ਕਾਰਡ  ਸ਼ਾਮਲ ਹਨ, ਅਣਅਧਿਕਾਰਤ ਵਿਅਕਤੀਆਂ ਨਾਲ ਸਾਂਝਾ ਨਾ ਕਰਨ ਅਤੇ ਸਰਕਾਰੀ ਯੋਜਨਾਵਾਂ ਦੀ ਜਾਣਕਾਰੀ ਸਰਕਾਰੀ ਵੈਬਸਾਈਟਾਂ ਤੋਂ ਔਨਲਾਈਨ ਜਾਂ ਸੁਵਿਧਾ ਕੇਂਦਰਾਂ ਵਰਗੇ ਅਧਿਕਾਰਤ ਦਫਤਰਾਂ ਰਾਹੀਂ ਪ੍ਰਾਪਤ ਕਰਨ।

---------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਉਨ੍ਹਾਂ ਦੀ ਜਯੰਤੀ 'ਤੇ ਸ਼ਰਧਾਂਜਲੀ ਭੇਟ ਕੀਤੀ ਏ ।

---------------------------------------------------------

ਚੋਣ ਕਮਿਸ਼ਨ ਨੇ ਤਰਨਤਾਰਨ ਵਿਧਾਨ ਸਭਾ ਹਲਕੇ ਲਈ ਹੋਣ ਵਾਲੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਵੋਟਰ ਸੂਚੀ ਦੇ ਵਿਸ਼ੇਸ਼ ਸੰਖੇਪ ਸੋਧ ਲਈ ਪ੍ਰੋਗਰਾਮ ਜਾਰੀ ਕਰ ਦਿੱਤਾ ਏ । ਪੰਜਾਬ ਦੇ ਮੁੱਖ ਚੋਣ ਅਧਿਕਾਰੀ

ਸਿਬਿਨ ਸੀ ਨੇ ਦੱਸਿਆ ਕਿ ਸੰਖੇਪ ਸੋਧ 1 ਜੁਲਾਈ ਨੂੰ ਯੋਗਤਾ ਤਰੀਕ ਦੇ ਰੂਪ ਵਿੱਚ ਕੀਤੀ ਜਾਵੇਗੀ। ਪੋਲਿੰਗ ਸਟੇਸ਼ਨਾਂ ਦਾ ਤਰਕਸੰਗਤੀਕਰਨ 28 ਅਗਸਤ ਤੱਕ ਕੀਤਾ ਜਾਵੇਗਾ। ਏਕੀਕ੍ਰਿਤ ਖਰੜਾ ਵੋਟਰ ਸੂਚੀ ਦਾ ਪ੍ਰਕਾਸ਼ਨ  2 ਸਤੰਬਰ ਨੂੰ ਹੋਵੇਗਾ, ਦਾਅਵੇ ਅਤੇ ਇਤਰਾਜ਼ ਦਾਇਰ ਕਰਨ ਦੀ ਹੱਦ 2 ਸਤੰਬਰ ਤੋਂ 17 ਸਤੰਬਰ ਤੱਕ ਹੋਵੇਗੀ, ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਪਟਾਰਾ 25 ਸਤੰਬਰ ਤੱਕ ਹੋਵੇਗਾ ਅਤੇ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ  30 ਸਤੰਬਰ ਨੂੰ ਕੀਤੀ ਜਾਵੇਗੀ । ਉਨ੍ਹਾਂ ਕਿਹਾ ਕਿ ਤਰਨਤਾਰਨ ਵਿਧਾਨ ਸਭਾ ਹਲਕੇ ਲਈ ਵਿਸ਼ੇਸ਼ ਸੰਖੇਪ ਸੋਧ ਬਾਰੇ ਪੰਜਾਬ ਦੀਆਂ ਸਾਰੀਆਂ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਨੂੰ ਪਹਿਲਾਂ ਹੀ ਜਾਣਕਾਰੀ ਦਿਤੀ ਜਾ ਚੁਕੀ ਏ । ਉਨ੍ਹਾਂ ਤਰਨਤਾਰਨ ਦੇ ਵੋਟਰਾਂ ਨੂੰ ਆਪਣੀਆਂ ਨਾਮਜ਼ਦਗੀਆਂ ਦੀ ਸਰਗਰਮੀ ਨਾਲ ਪੁਸ਼ਟੀ ਕਰਨ, ਲੋੜ ਪੈਣ 'ਤੇ ਦਾਅਵੇ ਜਾਂ ਇਤਰਾਜ਼ ਦਾਇਰ ਕਰਨ, ਅਤੇ ਸੁਧਾਰ ਅਤੇ ਨਾਮਜ਼ਦਗੀ ਲਈ ਇਸ ਸੋਧ ਦੀ ਪੂਰੀ ਵਰਤੋਂ ਕਰਨ ਦੀ ਅਪੀਲ ਕੀਤੀ ।

-----------------------------------------------------------

ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਪੈਣ ਨਾਲ ਪੰਜਾਬ ਵਿੱਚ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਵਿੱਚ ਵਧ ਰਹੇ ਪਾਣੀ ਦੇ ਪੱਧਰ ਕਾਰਨ ਕੁਝ ਜ਼ਿਲ੍ਹੇ ਪ੍ਰਭਾਵਤ ਹੋਏ ਨੇ, ਪਰ ਹਾਲਾਤ ਕਾਬੂ ਹੇਠ ਨੇ । ਅੱਜ ਭਾਖੜਾ ਡੈਮ ਦਾ ਪਾਣੀ ਦਾ ਪੱਧਰ ਇਕ ਹਜ਼ਾਰ 666 ਫੁੱਟ ਹੋ ਗਿਆ ਏ । ਡੈਮ ਦੇ ਵਿੱਚ 58 ਹਜ਼ਾਰ 671 ਕਿਊਸਿਕ ਪਾਣੀ ਦੀ ਆਮਦ ਏ ਜਦੋਂ ਕਿ 40 ਹਜ਼ਾਰ 392 ਕੀਉਸਿਕ ਪਾਣੀ ਟਰਬਾਈਨਾ ਦੇ ਮਾਧਿਅਮ ਨਾਲ ਛੱਡਿਆ ਜਾ ਰਿਹਾ ਏ । ਨੰਗਲ ਡੈਮ ਤੋਂ ਨੰਗਲ ਹਾਈਡਲ ਨਹਿਰ ਦੇ ਵਿੱਚ 12 ਹਜ਼ਾਰ 500, ਅਨੰਦਪੁਰ ਹਾਈਡਲ ਨਹਿਰ ਵਿੱਚ 10 ਹਜ਼ਾਰ 150 ਅਤੇ ਸਤਲੁਜ ਦਰਿਆ ਦੇ ਵਿੱਚ 20 ਹਜ਼ਾਰ 650 ਕਿਊਸੀਕ ਪਾਣੀ ਛੱਡਿਆ ਜਾ ਰਿਹਾ ਹੈ। ਜ਼ਿਕਰਯੋਗ ਏ ਕਿ ਭਾਖੜਾ ਡੈਮ ਦੇ ਵਿੱਚ ਪਾਣੀ ਦਾ ਪੱਧਰ 1680 ਫੁੱਟ ਤੱਕ ਰੱਖਿਆ ਜਾ ਸਕਦਾ ਏ । ਅਤੇ ਵਿਸ਼ੇਸ਼ ਹਾਲਾਤ ਦੇ ਵਿੱਚ ਇਸ ਨੂੰ 1685 ਫੁੱਟ ਤੱਕ ਲਿਜਾਇਆ ਜਾਂਦਾ ਏ । ਸਾਢੇ ਪਤਰਕਾਰ ਨੇ ਦਸਿਆ ਕਿ ਭਾਖੜਾ ਡੈਮ ਦੇ ਫਲੱਡ ਗੇਟ ਦੋ ਫੁੱਟ ਖੋਲੇ ਹੋਏ ਨੇ ਅਤੇ ਪਾਣੀ ਨੂੰ ਨਿਯੰਤਰਣ ਤਰੀਕੇ ਦੇ ਨਾਲ ਛੱਡਿਆ

ਜਾ ਰਿਹਾ ਏ ਤਾਂ ਕਿ ਡੈਮ ਦੇ ਵਿੱਚ ਪਾਣੀ ਦੇ ਪੱਧਰ ਨੂੰ ਕੰਟਰੋਲ ਰੱਖਿਆ ਜਾ ਸਕੇ । ਓਧਰ ਪਟਿਆਲਾ ਜ਼ਿਲੇ ਚੋਂ ਲੰਘਦੀਆਂ ਦੋ ਨਦੀਆਂ ਤੇ ਨਾਲਿਆਂ ਵਿੱਚੋਂ ਇਸ ਵੇਲੇ ਸਿਰਫ ਟਾਂਗਰੀ ਨਦੀ ਦਾ ਪਾਣੀ ਖਤਰੇ ਦੇ ਨਿਸ਼ਾਨ ਤੋਂ ਉੱਪਰ ਚੱਲ ਰਿਹਾ ਏ । ਸਰਕਾਰੀ ਵੇਰਵਿਆਂ ਮੁਤਾਬਿਕ ਇਸ ਨਦੀ 'ਚ 12.5 ਫੁੱਟ ਪਾਣੀ ਚੱਲ ਰਿਹਾ ਏ, ਜਦੋਂ ਕਿ ਇਸ ਦਾ ਖਤਰੇ ਦਾ ਨਿਸ਼ਾਨ 12 ਫੁੱਟ ਤੱਕ ਹੀ ਏ। ਇਸ ਦੇ ਨਾਲ ਹੀ ਮਾਰਕੰਡਾ ਨਦੀ ਦਾ ਪਾਣੀ ਇਸ ਵੇਲੇ 20.4 ਫੁੱਟ ਤੇ ਏ ਇਸ ਦਾ ਖਤਰੇ ਦਾ ਪੱਧਰ 22 ਫੁੱਟ ਤੱਕ ਏ। ਡਰੇਨੇਜ਼ ਡਿਵੀਜ਼ਨ ਪਟਿਆਲਾ ਦੇ ਕਾਰਜਕਾਰੀ ਇੰਜਨੀਅਰ ਗੰਭੀਰ ਪ੍ਰਥਮ ਨੇ ਦੱਸਿਆ ਕਿ ਉਹਨਾਂ ਮੌਕੇ 'ਤੇ ਜਾ ਕੇ ਜਾਇਜ਼ਾ ਲਿਆ ਏ ਤੇ ਇਸ ਸਮੇਂ ਪਾਣੀ ਦਾ ਪੱਧਰ ਘਟਣਾ ਸ਼ੁਰੂ ਹੋਇਆ ਏ। ਉਨ੍ਹਾਂ ਕਿਹਾ ਕਿਸੇ ਨੂੰ ਵੀ ਘਬਰਾਉਣ ਦੀ ਲੋੜ ਨਹੀਂ ਏ।

**BYTE**

ਹੁਸ਼ਿਆਰਪੁਰ ਦੀ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਜ਼ਿਲ੍ਹੇ ਵਿੱਚ ਹੜ੍ਹ ਦੀ ਸਥਿਤੀ ਬਾਰੇ ਜਾਣਕਾਰੀ ਦਿੰਦਿਆਂ ਦਸਿਆ ਕਿ ਸੂਬੇ ਮੁੱਖ ਮੰਤਰੀ ਖੁਦ ਪੌਂਗ ਡੈਮ ਦੀ ਸਥਿਤੀ ਦਾ ਜਾਇਜ਼ਾ ਲੈ ਰਹੇ ਨੇ।

**BYTE**

ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਪੂਰਥਲਾ ਵਿੱਚ ਹੜਾਂ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਪ੍ਰਸ਼ਾਸਨ ਨਾਲ ਵਿਸ਼ੇਸ਼ ਬੈਠਕ ਕੀਤੀ ਈ । ਉਨ੍ਹਾਂ ਮੀਟਿੰਗ ਮਗਰੋਂ ਹੜ ਪ੍ਰਭਾਵਿਤ ਪਿੰਡ ਦਾ ਦੌਰਾ ਵੀ ਕੀਤਾ ।ਕਪੂਰਥਲਾ ਤੇ ਸੁਲਤਾਨਪੁਰ ਲੋਧੀ ਖੇਤਰ ਵਿੱਚ 20 ਤੋਂ ਵੱਧ ਪਿੰਡ ਹੜਾਂ ਨਾਲ ਪ੍ਰਭਾਵਿਤ ਹੋਏ ਨੇ  ਜ਼ਿਲਾ ਪ੍ਰਸ਼ਾਸਨ ਵੱਲੋਂ ਪ੍ਰਭਾਵਿਤ ਲੋਕਾਂ ਲਈ ਮਦਦ ਲਈ ਉਪਰਾਲੇ ਨਿਰੰਤਰ ਜਾਰੀ ਹਨ। ਸੂਬਾ ਆਫ਼ਤ ਪ੍ਰਬੰਧਾਂ ਰਾਹਤ ਬਲ ਦੀਆਂ ਟੀਮਾਂ ਰਾਹਤ ਕਾਰਜਾਂ ਵਿੱਚ ਲੱਗੀਆਂ ਹੋਈਆਂ ਨੇ । ਫਾਜਿਲਕਾ ਵਿੱਚ ਸਤਲੁਜ ਦਰਿਆ ਦੇ ਪਾਣੀ ਦਾ ਪੱਧਰ ਘੱਟ ਹੋਇਆ ਏ ਅਤੇ ਗੁਰਦਾਸਪੁਰ ਵਿੱਚ ਵੀ ਹੜ੍ਹਾਂ ਦਾ ਫਿਲਹਾਲ ਕੋਈ ਖਤਰਾ ਨਹੀਂ ਏ । ਮੌਸਮ ਵਿਭਾਗ ਮੁਤਾਬਕ ਅੱਜ ਸੂਬੇ ਵਿੱਚ ਕੁਝ ਥਾਵਾਂ ਤੇ ਹਲਕੀ ਤੋਂ ਦਰਮਿਆਨੀ ਅਤੇ ਕਈ ਥਾਈਂ ਭਾਰੀ ਬਾਰਿਸ਼ ਵੀ ਹੋਈ ਏ ।  ਨਾਲ ਹੀ ਵਿਭਾਗ ਵੱਲੋਂ ਅੱਜ ਕਪੂਰਥਲਾ, ਜਲੰਧਰ, ਰੂਪਨਗਰ, ਲੁਧਿਆਣਾ, ਨਵਾਂਸ਼ਹਿਰ ,ਹੁਸ਼ਿਆਰਪੁਰ, ਗੁਰਦਾਸਪੁਰ, ਫਿਰੋਜ਼ਪੁਰ ,ਮੋਗਾ, ਮੋਹਾਲੀ ਅਤੇ ਫ਼ਤਹਿਗੜ੍ਹ ਸਾਹਿਬ ਸਮੇਤ ਕਈ

ਜ਼ਿਲਿਆਂ ਵਿੱਚ ਗਰਜ ਨਾਲ ਭਾਰੀ ਤੋਂ ਬਹੁਤ ਭਾਰੀ ਮੀਂਹ ਪੈਣ ਬਾਰੇ ਔਰੇਂਜ ਅਲਰਟ ਵੀ ਜਾਰੀ ਕਰ ਦਿੱਤਾ ਗਿਆ ਏ। ਬਾਕੀ ਜ਼ਿਲਿਆਂ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਸੰਭਾਵਨਾ ਵੀ ਜਤਾਈ ਗਈ ਏ।

-----------------------------------------------------

ਵਜਰਾ ਕੋਰ ਅਧੀਨ ਗੋਲਡਨ ਐਰੋ ਡਿਵੀਜ਼ਨ ਵੱਲੋਂ ਆਯੋਜਿਤ ਭਾਰਤੀ ਫੌਜ ਭਰਤੀ ਰੈਲੀ ਅੱਜ ਫਿਰੋਜ਼ਪੁਰ ਵਿੱਚ ਸ਼ੁਰੂ ਹੋਈ। ਇਹ ਭਰਤੀ ਰੈਲੀ ਫਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਫਾਜ਼ਿਲਕਾ ਅਤੇ ਬਠਿੰਡਾ ਜ਼ਿਲ੍ਹਿਆਂ ਦੇ ਨੌਜਵਾਨਾਂ ਨੂੰ ਰਾਸ਼ਟਰੀ ਸੇਵਾ ਦੇ ਇਸ ਉੱਤਮ ਪੇਸ਼ੇ ਵਿੱਚ ਸ਼ਾਮਲ ਹੋਣ ਦਾ ਸੁਨਹਿਰੀ ਮੌਕਾ ਪ੍ਰਦਾਨ ਕਰਦੀ ਏ। ਹਫ਼ਤੇ ਭਰ ਚੱਲਣ ਵਾਲੀ ਭਰਤੀ ਪ੍ਰਕਿਰਿਆ ਉਮੀਦਵਾਰਾਂ ਦੀ ਸਰੀਰਕ ਯੋਗਤਾ, ਮਾਨਸਿਕ ਯੋਗਤਾ ਅਤੇ ਡਾਕਟਰੀ ਤੰਦਰੁਸਤੀ ਦੀ ਸਖ਼ਤੀ ਨਾਲ ਜਾਂਚ ਕਰੇਗੀ ਤਾਂ ਜੋ ਸਿਰਫ਼ ਸਭ ਤੋਂ ਵਧੀਆ ਉਮੀਦਵਾਰ ਹੀ ਭਾਰਤੀ ਫੌਜ ਵਿੱਚ ਸ਼ਾਮਲ ਹੋ ਸਕਣ। ਇਹ ਪਹਿਲਕਦਮੀ ਨਾ ਸਿਰਫ਼ ਅਨੁਸ਼ਾਸਿਤ ਨੌਜਵਾਨਾਂ ਨੂੰ ਫੌਜ ਦੀ ਵਰਦੀ ਪਹਿਨਣ ਦੇ ਆਪਣੇ ਸੁਪਨੇ ਨੂੰ ਪੂਰਾ

ਕਰਨ ਦਾ ਮੌਕਾ ਦਿੰਦੀ ਏ , ਸਗੋਂ ਮਾਣ, ਸਨਮਾਨ ਅਤੇ ਫਰਜ਼ ਦੀ ਭਾਵਨਾ ਨੂੰ ਹੋਰ ਵੀ ਮਜ਼ਬੂਤ ਕਰਦੀ ਏ । ਵਜਰਾ ਕੋਰ ਦੇ ਅਧਿਕਾਰੀਆਂ ਨੇ ਸਾਰੇ ਭਾਗੀਦਾਰਾਂ ਨੂੰ ਸਮਰਪਣ ਅਤੇ ਦ੍ਰਿੜਤਾ ਨਾਲ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਪ੍ਰੇਰਿਤ ਕੀਤਾ।

--------------------------------------------------------------

- ਲੋਕ ਸਭਾ ਨੇ ਔਨਲਾਈਨ ਗੇਮਿੰਗ ਦਾ ਪ੍ਰਚਾਰ ਅਤੇ ਨਿਆਮਕ ਬਿੱਲ, 2025 ਪਾਸ ਕੀਤਾ - ਇਹ ਈ-ਸਪੋਰਟਸ ਅਤੇ ਔਨਲਾਈਨ ਸੋਸ਼ਲ ਗੇਮਸ ਨੂੰ ਉਤਸ਼ਾਹਿਤ ਕਰੇਗਾ ਤੇ ਔਨਲਾਈਨ ਮਨੀ ਗੇਮਿੰਗ, ਵਿੱਤੀ ਲੈਣ-ਦੇਣ ਅਤੇ ਇਸ਼ਤਿਹਾਰਾਂ 'ਤੇ ਪਾਬੰਦੀ ਲਗਾਏਗਾ ।

- ਉਪ-ਰਾਸ਼ਟਰਪਤੀ ਚੋਣ ਲਈ, ਸੱਤਾਧਾਰੀ NDA ਦੇ ਉਮੀਦਵਾਰ, ਸੀ.ਪੀ. ਰਾਧਾਕ੍ਰਿਸ਼ਨਨ ਨੇ ਅੱਜ ਆਪਣਾ ਨਾਮਜ਼ਦਗੀ ਪੱਤਰ ਦਾਖਲ ਕੀਤਾ ।

- ਪੰਜਾਬ ਪੁਲਿਸ ਵਲੋਂ ਕਥਿਤ ਤੌਰ 'ਤੇ ਸਰਕਾਰੀ ਯੋਜਨਾਵਾਂ ਦੇ ਨਾਮ 'ਤੇ ਵਿਅਕਤੀਆਂ ਦੀ ਨਿੱਜੀ ਜਾਣਕਾਰੀ ਇਕੱਠੀ ਕਰ ਰਹੇ

ਕੈਂਪਾਂ ਦੀ ਜਾਂਚ ਲਈ ਕਾਰਵਾਈ ਕਰਦਿਆਂ ਕਈ ਟੀਮਾਂ ਕਾਇਮ।

- ਚੋਣ ਕਮਿਸ਼ਨ ਨੇ ਤਰਨਤਾਰਨ ਵਿਚ ਜ਼ਿਮਨੀ ਚੋਣ ਦੇ ਮੱਦੇਨਜ਼ਰ ਵੋਟਰ ਸੂਚੀ ਦੇ ਵਿਸ਼ੇਸ਼ ਸੰਖੇਪ ਸੋਧ ਲਈ ਪ੍ਰੋਗਰਾਮ ਜਾਰੀ ਕੀਤਾ । ਅਤੇ

- ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਪੈਣ ਨਾਲ ਪੰਜਾਬ ਵਿੱਚ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਵਿੱਚ ਵਧ ਰਹੇ ਪਾਣੀ ਦੇ ਪੱਧਰ ਕਾਰਨ ਕੁਝ ਜ਼ਿਲ੍ਹੇ ਪ੍ਰਭਾਵਤ ਹੋਏ - ਮੌਸਮ ਵਿਭਾਗ ਵੱਲੋਂ ਸੂਬੇ ਦੇ ਕਈ ਜ਼ਿਲਿਆਂ ਵਿੱਚ ਗਰਜ ਨਾਲ ਭਾਰੀ ਤੋਂ ਬਹੁਤ ਭਾਰੀ ਮੀਂਹ ਪੈਣ ਬਾਰੇ ਔਰੇਂਜ ਅਲਰਟ ਜਾਰੀ ।

**ਇਸਦੇ ਨਾਲ ਪ੍ਰਦੇਸ਼ਿਕ ਖ਼ਬਰਾਂ ਦਾ ਇਹ ਬੁਲੇਟਿਨ ਖ਼ਤਮ ਹੋਇਆ, ਰਾਸ਼ਟਰੀ ਖ਼ਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ !**